# 5. ਅਲਾਹੁਣੀਆਂ

'ਅਲਾਹੁਣੀ' ਨੂੰ ਪੰਜਾਬ ਦਾ ਸੋਗੀ ਜਾਂ ਮਾਤਮੀ ਲੋਕ-ਕਾਵਿ ਕਿਹਾ ਜਾ ਸਕਦਾ ਹੈ ਕਿਉਂਕਿ ਇਸਨੂੰ ਕਿਸੇ ਦੀ ਮੌਤ ਸਮੇਂ ਰੁਦਨ ਕਰਦੇ ਹੋਏ ਗਾਇਆ ਜਾਂਦਾ ਹੈ। ਅਲਾਹੁਣੀ ਵਾਂਗ ਕੀਰਨਾ, ਵੈਣ ਆਦਿ ਵੀ ਮੌਤ ਨਾਲ ਸੰਬੰਧਤ ਲੋਕ ਗੀਤ ਹੁੰਦੇ ਹਨ।

ਅਲਾਹੁਣੀ ਉਸਤਤ, ਸ਼ਲਾਘਾ ਦਾ ਲੋਕ ਗੀਤ ਹੈ ਜਿਸ ਵਿੱਚ ਪ੍ਰਾਣੀ ਦੀ ਉਸਤਤ, ਸ਼ਲਾਘਾ, ਜਸ ਗੀਤ ਦੇ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ। ਇਸ ਦੀ ਆਪਣੀ ਗਾਇਨ ਸ਼ੈਲੀ ਹੈ। ਅਲਾਹੁਣੀ ਪੇਸ਼ਾਵਰ ਸਿਆਪਾਕਾਰ ਵੱਲੋਂ ਉਚਾਰਿਆ ਜਾਣ ਵਾਲਾ ਸੋਗਮਈ ਗੀਤ ਰੂਪ ਹੈ। ਇਹ ਪੇਸ਼ਾਵਰ ਸਿਆਪਾਕਾਰ ਆਮ ਤੌਰ ਤੇ ਪਿੰਡ ਦੀ ਮਰਾਸਣ ਹੁੰਦੀ ਹੈ ਜਾਂ ਫਿਰ ਇਹ ਕਾਰਜ ਨਾਇਣ ( ਨਾਈ ਦੀ ਘਰਵਾਲੀ ) ਵੀ ਕਰਦੀ ਹੈ। ਇਹਨਾਂ ਗੀਤਾਂ ਦਾ ਵਿਸ਼ਾ ਵਿਛੜ ਗਏ ਜੀਆਂ ਦੇ ਗੁਣਾਂ ਦਾ ਗਾਨ ਕਰਕੇ ਪਿੱਛੇ ਰਹਿ ਗਏ ਪਰਿਵਾਰਕ ਮੈਂਬਰਾਂ ਨੂੰ ਧਰਵਾਸ ਦੇਣਾ ਹੁੰਦਾ ਹੈ।

ਅਲਾਹੁਣੀਆਂ ਅਧੀਨ ਸਿਆਪਾ ਵੀ ਕੀਤਾ ਜਾਂਦਾ ਹੈ, ਜਿਸ ਵਿੱਚ ਔਰਤਾਂ ਪੱਟਾਂ, ਛਾਤੀ, ਮੱਥੇ ਆਦਿ ਤੇ ਲਗਾਤਾਰ ਤਾਲ-ਬੱਧ ਤਰੀਕੇ ਨਾਲ ਹੱਥ ਮਾਰਦੀਆਂ ਹਨ। ਇਸ ਲਈ ਅਲਾਹੁਣੀ ਦੇ ਪ੍ਰਮੁੱਖ ਭੇਦ ਗੱਲਾਂ, ਛਾਤੀ, ਦੁਹੱਥੜੇ ਅਤੇ ਤਿਹੱਥੜੇ ਰੂਪ ਦੇ ਮੰਨੇ ਜਾਂਦੇ ਹਨ।

ਸਿਆਪੇ ਸਮੇਂ ਮਰਾਸਣ ਜਾਂ ਨਾਇਣ ਜਨਾਨੀਆਂ ਦੇ ਘੇਰੇ ਵਿੱਚ ਖਲੋ ਸਿਆਪੇ ਦੀ ਅਗਵਾਹੀ ਕਰਦੀ ਹੋਈ ਬਾਂਹ ਫੈਲਾ ਕੇ ਹਾਏ-ਹਾਏ, ਅਲਾਪਦੀ ਹੈ। ਜਨਾਨੀਆਂ ਲੈਅ ਦੀ ਤਾਲ ਨਾਲ ਸਰੀਰਕ ਅੰਗਾਂ ਨੂੰ ਪਿੱਟਣਾ ਸ਼ੁਰੂ ਕਰ ਦਿੰਦੀਆਂ ਹਨ। ਹੁੰਗਾਰਾ ਨਾਲ ਜਾਰੀ ਰਹਿੰਦਾ ਹੈ।

ਦੁਹੱਥੜੇ ਦੀ ਅਲਾਹੁਣੀ ਦੇ ਸਿਆਪੇ ਵਿੱਚ ਗੀਤ ਚਾਲ ਤੇਜ਼ , ਸਮੂਹਿਕ ਰੂਪ ਵਿੱਚ ਹੁੰਦੀ ਹੈ। ਤਿਹੱਥੜੇ ਦੀ ਅਲਾਹੁਣੀ ਵਿੱਚ ਹੁੰਗਾਰੇ ਦੇ ਨਾਲ-ਨਾਲ ਹੱਥਾਂ ਦੀਆਂ ਹਰਕਤਾਂ ਵੀ ਕਾਰਜ਼ਸ਼ੀਲ ਰਹਿੰਦੀਆਂ ਹਨ। ਪੱਟਾਂ ਤੇ ਫਿਰ ਛਾਤੀਆਂ ਤੇ ਹੱਥ ਮਾਰਿਆ ਜਾਂਦਾ ਹੈ। ਤੀਸਰੀ ਵਾਰ ਹੱਥ ਉੱਪਰ ਕਰਕੇ ਬੋਲ ਨੂੰ ਚੁੱਕਿਆ ਜਾਂਦਾ ਹੈ। ਇਸ ਲਈ ਇਸਨੂੰ ਤਿਹੱਥੜੇ ਕਿਹਾ ਜਾਂਦਾ ਹੈ।

ਅਲਾਹੁਣੀ ਵਿੱਚ ਸ਼ਬਦਾਂ ਦਾ ਦੁਹਰਾਉ ਤੇ ਨਿਰਾਰਥਕ ਸ਼ਬਦਾਂ ਦਾ ਪ੍ਰਯੋਗ ਵੀ ਹੁੰਦਾ ਹੈ। ਇਹ ਤਾਲਬੱਧ ਗੀਤ ਹੈ। ਇਸ ਵਿੱਚ ਇਸ਼ਾਰੇ ਤੇ ਦ੍ਰਿਸ਼ਟਾਂਤ ਦੇ ਲੱਛਣ ਦੇਖਣ ਨੂੰ ਮਿਲਦੇ ਹਨ। ਸੁਰ-ਤਾਲ ਨੂੰ ਠੀਕ ਕਰਨ ਲਈ 'ਸਿਆਪਾਕਾਰਾ' ਅਹਿਮ ਭੂਮਿਕਾ ਨਿਭਾਉਂਦੀ ਹੈ, ਉਹ ਇਸ਼ਾਰੇ ਨਾਲ ਇਸਨੂੰ ਦਰੁਸਤ ਕਰ ਦਿੰਦੀ ਹੈ।

ਮ੍ਰਿਤਕ ਬੱਚੇ ਪ੍ਰਤੀ ਅਲਾਹੁਣੀਆਂ ਮਨ ਨੂੰ ਵਲੂੰਧਰਨ ਵਾਲੀਆਂ ਹੁੰਦੀਆਂ ਹਨ। ਇਸ ਲਈ ਅਲਾਹੁਣੀਆਂ ਨੂੰ ਕੀਰਨੇ ਜਾਂ ਵੈਣ ਰੂਪ ਵਿੱਚ ਵੀ ਅਲਾਪ ਲਿਆ ਜਾਂਦਾ ਹੈ। ਬਜ਼ੁਰਗ ਵਿਅਕਤੀ ਜੋ ਲੰਮੀ ਉਮਰ ਭੋਗ ਕੇ ਮਰਿਆ ਹੋਵੇ ਉਸ ਦੇ ਵਿਛੋੜੇ ਵੱਜੋਂ ਗਾਈ ਜਾਣ ਵਾਲੀ ਅਲਾਹੁਣੀ ਵਿੱਚ ਕਈ ਵਾਰ ਵਿਅੰਗ ਵੀ ਸ਼ਾਮਲ ਕਰ ਲਿਆ ਜਾਂਦਾ ਹੈ। ਉਮਰ , ਕੌਮ, ਸਮਾਜ ਆਦਿ ਮੁਤਾਬਕ ਇਹਨਾਂ ਦੇ ਰਚਨਾ ਵਿਧਾਨ ਵਿੱਚ ਥੋੜ੍ਹਾ ਬਹੁਤਾ ਵਖਰੇਵਾਂ ਵੀ ਦੇਖਣ ਨੂੰ ਮਿਲਦਾ ਹੈ। ਮਰਦਾਵੇਂ ਜਨਾਨੇ ਗੁਣਾਂ ਕਰਕੇ ਸਿਆਪੇ ਸਮੇਂ ਕਥਨ ਉਚਾਰੇ ਜਾਂਦੇ ਹਨ ਜਿਵੇਂ:- ਧੀਏ ਮੋਰਨੀਏ, ਮੁੱਛ ਅਜੇ ਨਾ ਫੁੱਟੀ, ਰਾਜਾ ਜੀ ਰਾਜਾ, ਹਾਏ-

ਹਾਏ ਆਦਿ। ਬਜ਼ੁਰਗ ਦੀ ਅਲਾਹੁਣੀ ਵਿੱਚ ਹਾਸੇ ਠਾਠੇ ਦੀ ਗੁੰਜਾਇਸ਼ ਵੀ ਰਹਿੰਦੀ ਹੈ।

ਅਜੋਕੇ ਸਮੇਂ ਬਜ਼ੁਰਗ ਔਰਤਾਂ ਤੋਂ ਬਿਨਾਂ ਨੌਜਵਾਨ ਪੀੜ੍ਹੀ ਅਜਿਹੇ ਗੀਤਾਂ ਪ੍ਰਤੀ ਲਗਭਗ ਅਵੇਸਲੀ ਹੀ ਹੋ ਚੁੱਕੀ ਹੈ। ਸੋ ਨੌਜਵਾਨ ਵਿਦਿਆਰਥੀਆਂ ਨੂੰ ਅਲਾਹੁਣੀ ਸੰਬੰਧੀ ਜਾਣਕਾਰੀ ਦਿੰਦੇ ਹੋਏ ਉਦਾਹਰਨਾਂ ਸਹਿਤ ਸਮਝਾਉਣ ਦਾ ਯਤਨ ਕੀਤਾ ਜਾ ਰਿਹਾ ਹੈ :-

## ਹਾਇ ਹਾ! ਮਾਂ ਦੇ ਬੱਚੜੇ ਨੂੰ

(ਨਿੱਕੇ ਜਿਹੇ ਬੱਚੇ ਦੀ ਮੌਤ ਸਮੇਂ ਅਲਾਹੁਣੀ ਨਾਲ ਪੱਟਾਂ ਨੂੰ ਪਿੱਟਿਆ ਜਾਂਦਾ ਹੈ। ਬੱਚੇ ਦੀ ਮੌਤ ਨੂੰ ਮਾਪਿਆਂ ਲਈ ਸਹਿਣ ਕਰਨਾ ਔਖਾ ਹੁੰਦਾ ਹੈ। ਇਹ ਦਰਦ ਉਮਰ-ਭਰ ਪੀੜ ਦਿੰਦਾ ਰਹਿੰਦਾ ਹੈ।) ਨਿੱਕੇ ਬੱਚੇ ਦੀ ਮੌਤ ਸਮੇਂ ਅਲਾਹੁਣੀ ਦੀ ਉਦਾਹਰਨ :-

| ਮਰਾਸਣ | ਪਿੱਟਣ ਵਾਲੀਆਂ ਸੁਆਣੀਆਂ |
|---|---|
| ਹਾਇ ਹਾ! ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਹਾਇ ਹਾ! ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਕੀ ਹੋਇਆ, ਕੀ ਹੋਇਆ? ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਕੀ ਹੋਇਆ ਹੈਰਾਨ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਮੌਤ ਪੁਛੇਂਦੀ ਆਈ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਬੈਠੀ ਬੂਹਾ ਮੱਲ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਮੁੱਕੀ ਦੁੱਧ ਦੀ ਧਾਰ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |
| ਹਾਣੀ ਮਾਰਨ ਵਾਜਾਂ ਮਾਂ ਦੇ ਬੱਚੜੇ ਨੂੰ, | ਹਾਇ ਹਾ! ਮਾਂ ਦੇ ਬੱਚੜੇ ਨੂੰ, |

ਕਰਨ ਨਾ ਦਿੱਤੀ ਗੱਲ ਮਾਂ ਦੇ ਬੱਚੜੇ ਨੂੰ,

ਹਾਇ ਹਾ! ਮਾਂ ਦੇ ਬੱਚੜੇ ਨੂੰ,

ਖੇਡਣ ਨਾ ਦਿੱਤੀ ਖੇਡ ਮਾਂ ਦੇ ਬੱਚੜੇ ਨੂੰ,

ਹਾਇ ਹਾ! ਮਾਂ ਦੇ ਬੱਚੜੇ ਨੂੰ,

ਕੀ ਹੋਇਆ, ਕੀ ਹੋਇਆ? ਮਾਂ ਦੇ ਬੱਚੜੇ ਨੂੰ,

ਹਾਇ ਹਾ! ਮਾਂ ਦੇ ਬੱਚੜੇ ਨੂੰ,

* * * *

**( ਬੱਚੜੇ – ਬੱਚਾ; ਪੁੱਛੇਂਦੀ – ਪੁੱਛਣਾ। )**

## ਧੀਏ! ਹਾਇ ਹਾ ਧੀਏ!

( ਕੁਆਰੀ ਕੁੜੀ ਦੀ ਮੌਤ ਨੂੰ ਪਰਿਵਾਰ, ਰਿਸ਼ਤੇਦਾਰਾਂ ਲਈ ਸਹਿਣ ਕਰਨਾ ਔਖਾ ਹੁੰਦਾ ਹੈ। ਇਸ ਹਿਰਦੇ-ਵੇਦਕ ਮੌਕੇ ਗਲਾ ਪਿੱਟ ਕੇ ਸਿਆਪਾ ਕਰਦੇ ਹੋਏ ਇਹੋ ਜਿਹੀ ਅਲਾਹੁਣੀ ਉਚਾਰੀ ਜਾਂਦੀ ਹੈ। ) ਜਿਵੇਂ :-

| ਮਰਾਸਣ | ਪਿੱਟਣ ਵਾਲੀਆਂ ਸੁਆਣੀਆਂ |
|---|---|
| ਧੀਏ! ਹਾਇ ਹਾ ਧੀਏ! | ਧੀਏ! ਹਾਇ ਹਾ ਧੀਏ |
| ਬੀਬੀ! ਹਾਇ ਹਾ ਬੀਬੀ! | ਬੀਬੀ! ਹਾਇ ਹਾ ਬੀਬੀ! |
| ਬੀਬੀ ਜੀਉਣ ਜੋਗੀ, | ਬੀਬੀ! ਹਾਇ ਹਾ ਬੀਬੀ! |
| ਜੀ ਸਲਾਹੁਣ ਜੋਗੀ, | ਬੀਬੀ! ਹਾਇ ਹਾ ਬੀਬੀ! |
| ਤੇਰਾ ਕੀ ਸਲਾਹਾਂ? | ਬੀਬੀ! ਹਾਇ ਹਾ ਬੀਬੀ! |
| ਤੇਰਾ ਕੀ ਉਲਾਹਾਂ? | ਬੀਬੀ! ਹਾਇ ਹਾ ਬੀਬੀ! |
| ਧੀਏ! ਹਾਇ ਹਾ ਧੀਏ! | ਧੀਏ! ਹਾਇ ਹਾ ਧੀਏ! |
| ਬੀਬੀ! ਹਾਇ ਹਾ ਬੀਬੀ! | ਬੀਬੀ! ਹਾਇ ਹਾ ਬੀਬੀ! |
| ਸੋਹਣੀ ਸੂਰਤ ਵਾਲੀ, | ਬੀਬੀ! ਹਾਇ ਹਾ ਬੀਬੀ! |
| ਸੋਹਣੀਆਂ ਤੋਰਾਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਮਿੱਠਿਆਂ ਬੋਲਾਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਨੀਵੀਆਂ ਅੱਖੀਆਂ ਵਾਲੀ। | ਬੀਬੀ! ਹਾਇ ਹਾ ਬੀਬੀ! |
| ਧੀਏ! ਹਾਇ ਹਾ ਧੀਏ! | ਧੀਏ! ਹਾਇ ਹਾ ਧੀਏ! |
| ਬੀਬੀ! ਹਾਇ ਹਾ ਬੀਬੀ! | ਬੀਬੀ! ਹਾਇ ਹਾ ਬੀਬੀ! |
| ਭਰਿਆਂ ਤ੍ਰਿੰਞਣਾਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਜੁੜਦਿਆਂ ਜੋਟਿਆਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਸੂਹੀਆਂ ਚੁੰਨੀਆਂ ਵਾਲੀ, | ਬੀਬੀ! ਹਾਇ ਹਾ ਬੀਬੀ! |
| ਉਡੀਕਦੀਆਂ ਸਈਆਂ ਵਾਲੀ। | ਬੀਬੀ! ਹਾਇ ਹਾ ਬੀਬੀ! |
| ਧੀਏ! ਹਾਇ ਹਾ ਧੀਏ! | ਧੀਏ! ਹਾਇ ਹਾ ਧੀਏ! |
| ਬੀਬੀ! ਹਾਇ ਹਾ ਬੀਬੀ! | ਬੀਬੀ! ਹਾਇ ਹਾ ਬੀਬੀ! |
| ਤੇਰਾ ਪੱਟ ਪਟਾਰੀ , | ਬੀਬੀ! ਹਾਇ ਹਾ ਬੀਬੀ! |
| ਤੇਰੀ ਧਰੀ ਫੁਲਕਾਰੀ, | ਬੀਬੀ! ਹਾਇ ਹਾ ਬੀਬੀ! |

ਬਣਦਿਆਂ ਦਾਜਾਂ ਵਾਲੀ, ਬੀਬੀ! ਹਾਇ ਹਾ ਬੀਬੀ!
ਲਗਦਿਆਂ ਗੋਟਿਆਂ ਵਾਲੀ। ਬੀਬੀ! ਹਾਇ ਹਾ ਬੀਬੀ!

ਧੀਏ! ਹਾਇ ਹਾ ਧੀਏ! ਧੀਏ! ਹਾਇ ਹਾ ਧੀਏ!
ਬੀਬੀ! ਹਾਇ ਹਾ ਬ ਬੀਬੀ! ਹਾਇ ਹਾ ਬੀਬੀ!

ਬੀਬੀ ਚੰਗੇ ਘਰ ਦੀ, ਬੀਬੀ! ਹਾਇ ਹਾ ਬੀਬੀ!

ਬੀਬੀ ਉੱਚੇ ਘਰ ਦੀ ਬੀਬੀ! ਹਾਇ ਹਾ ਬੀਬੀ!
ਰੋਂਦਿਆਂ ਵੀਰਾਂ ਵਾਲੀ, ਬੀਬੀ! ਹਾਇ ਹਾ ਬੀਬੀ!
ਰੋਂਦਿਆ ਮਾਪਿਆਂ ਵਾਲੀ। ਬੀਬੀ! ਹਾਇ ਹਾ ਬੀਬੀ!

ਧੀਏ! ਹਾਇ ਹਾ ਧੀਏ! ਧੀਏ! ਹਾਇ ਹਾ ਧੀਏ!
ਬੀਬੀ! ਹਾਇ ਹਾ ਬ ਬੀਬੀ! ਹਾਇ ਹਾ ਬੀਬੀ!

ਆਈ ਹਨ੍ਹੇਰੀ ਵਾਲੀ, ਬੀਬੀ! ਹਾਇ ਹਾ ਬੀਬੀ!
ਆਈ ਲਾਲ ਹਨ੍ਹੇਰੀ, ਬੀਬੀ! ਹਾਇ ਹਾ ਬੀਬੀ!
ਬੀਬੀ ਹੋ ਪਛਿੱਤੀ, ਬੀਬੀ! ਹਾਇ ਹਾ ਬੀਬੀ!
ਡਾਢੇ ਹੋਣ ਨਾ ਦਿੱਤੀ। ਬੀਬੀ! ਹਾਇ ਹਾ ਬੀਬੀ!

ਧੀਏ! ਹਾਇ ਹਾ ਧੀਏ! ਧੀਏ! ਹਾਇ ਹਾ ਧੀਏ!
ਬੀਬੀ! ਹਾਇ ਹਾ ਬੀਬੀ! ਬੀਬੀ! ਹਾਇ ਹਾ ਬੀਬੀ!

* * * *

**( ਸਲਾਹੁਣ - ਪ੍ਰਸੰਸਾ; ਤ੍ਰਿੰਞਣਾ - ਜਿਥੇ ਮੁਟਿਆਰਾਂ ਬੈਠ ਕੇ ਚਰਖਾ ਕੱਤਦੀਆਂ ਹਨ; ਪੱਟ - ਰੇਸ਼ਮ; ਗੋਟਿਆਂ - ਸਜਾਵਟ ਲਈ ਵਰਤੀ ਜਾਂਦੀ ਰੇਸ਼ਮੀ ਪੱਟੀ ; ਪਛਿੱਤੀ -ਸਮੇਂ ਤੋਂ ਪਛੜ ਜਾਣਾ/ਕੁਵੇਲਾ ਹੋਣਾ। )**

## ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ!

( ਵਿਆਹ ਹੋਏ ਗੱਭਰੂ ਦੀ ਮੌਤ ਤੇ ਤਿਹੱਥੜੇ ਸਿਆਪੇ ਨਾਲ ਅਲਾਹੁਣੀ ਦਿੱਤੀ ਜਾਂਦੀ ਹੈ। ) ਜਿਵੇ :-

| ਮਰਾਸਣ | ਪਿੱਟਣ ਵਾਲੀਆਂ ਸੁਆਣੀਆਂ |
|---|---|
| ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |
| ਸੋਹਣੀ ਸੂਰਤ ਵਾਲਿਆ!<br>ਵੇ ਜੰਞਾਂ ਦਿਆ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |
| ਲੱਗਿਆਂ ਸਿਹਰਿਆਂ ਵਾਲਿਆ!<br>ਵੇ ਜੰਞਾਂ ਦਿਆ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |
| ਉੱਚੇ ਸ਼ਮਲੇ ਵਾਲਿਆ!<br>ਵੇ ਜੰਞਾਂ ਦਿਆ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |
| ਬੱਧਿਆਂ ਗਾਨਿਆਂ ਵਾਲਿਆ!<br>ਵੇ ਜੰਞਾਂ ਦਿਆਂ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |
| ਨੀਲੇ ਘੋੜੇ ਵਾਲਿਆ!<br>ਵੇ ਜੰਞਾਂ ਦਿਆਂ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |
| ਚੀਕ੍ਹਦੇ ਡੋਲਿਆਂ ਵਾਲਿਆ!<br>ਵੇ ਜੰਞਾਂ ਦਿਆਂ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |
| ਆਈ ਹਨੇਰੀ ਵਾਲਿਆ!<br>ਵੇ ਜੰਞਾਂ ਦਿਆਂ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |
| ਪਈ ਗੁਬਾਰੀ ਵਾਲਿਆ!<br>ਵੇ ਜੰਞਾਂ ਦਿਆਂ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |
| ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! | |
| | ਹਾਇ ਹਾ! ਵੇ ਜੰਞਾਂ ਦਿਆਂ ਲਾੜਿਆ! |

* * * *

( **ਜੰਞ** - ਬਾਰਾਤ; **ਗੁਬਾਰੀ** -ਹਨੇਰਾ ਹੋਣਾ। )

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. 'ਅਲਾਹੁਣੀਆਂ' ਕਿਸ ਸਮੇਂ ਗਾਈਆਂ ਜਾਂਦੀਆਂ ਹਨ ?

ਪ੍ਰਸ਼ਨ 2. 'ਅਲਾਹੁਣੀਆਂ' ਤੋਂ ਕੀ ਭਾਵ ਹੈ ?

ਪ੍ਰਸ਼ਨ 3. 'ਅਲਾਹੁਣੀਆਂ' ਦਾ ਵਿਸ਼ਾ ਕਿਹੋ ਜਿਹਾ ਹੁੰਦਾ ਹੈ ?

ਪ੍ਰਸ਼ਨ 4. 'ਸਿਆਪਾ' ਕੀ ਹੁੰਦਾ ਹੈ ?

ਪ੍ਰਸ਼ਨ 5. 'ਹਾਇ ਹਾ! ਮਾਂ ਦੇ ਬੱਚੜੇ ਨੂੰ' ਅਲਾਹੁਣੀ ਵਿੱਚ ਮ੍ਰਿਤਕ ਬਾਰੇ ਕੀ ਭਾਵ ਪ੍ਰਗਟਾਏ ਹਨ ?

ਪ੍ਰਸ਼ਨ 6. 'ਧੀਏ! ਹਾਇ ਹਾ ਧੀਏ!' ਅਲਾਹੁਣੀ ਵਿੱਚ ਮ੍ਰਿਤਕ ਦੇ ਕਿਹੜੇ-ਕਿਹੜੇ ਰਿਸ਼ਤੇਦਾਰਾਂ ਦਾ ਜ਼ਿਕਰ ਆਇਆ ਹੈ ਤੇ ਉਹਨਾਂ ਨੇ ਕਿਹੜੇ ਭਾਵ ਪ੍ਰਗਟਾਏ ਹਨ ?

ਪ੍ਰਸ਼ਨ 7. 'ਹਾਇ ਹਾ! ਵੇ ਜੰਵਾਂ ਦਿਆਂ ਲਾੜਿਆ!' ਅਲਾਹੁਣੀ ਕਿਸ ਸਮੇਂ ਗਾਈ ਜਾਂਦੀ ਹੈ ?

ਪ੍ਰਸ਼ਨ 8. 'ਹਾਇ ਹਾ! ਵੇ ਜੰਵਾਂ ਦਿਆਂ ਲਾੜਿਆ!' ਵਿੱਚ ਕਿਸ ਤਰ੍ਹਾਂ ਦੇ ਭਾਵ ਪ੍ਰਗਟਾਏ ਹਨ ?

ਪ੍ਰਸ਼ਨ 9. ਕੋਈ ਦੋ ਅਲਾਹੁਣੀਆਂ ਦੀਆਂ ਚਾਰ-ਚਾਰ ਸਤਰਾਂ ਲਿਖੋ।